# ਪੰਜਾਬ ਈ-ਪੰਚਾਇਤ ਸੋਸਾਇਟੀ

## ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ

### ਵਿਕਾਸ ਭਵਨ, ਸੈਕਟਰ 62, ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ)

ਸੇਵਾ ਵਿਖੇ,

ਨਾਮ ਦੇ

1. ਸੰਯੁਕਤ ਵਿਕਾਸ ਕਮਿਸ਼ਨਰ
2. ਬਰਾਂਚ ਅਫਸਰ, ਸਦਰ ਮੁਕਾਮ।
3. ਐਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ) ਕਮ ਮੁੱਖ ਕਾਰਜਕਾਰੀ ਅਫਸਰ, ਜਿਲ੍ਹਾ ਪ੍ਰੀਸ਼ਦ।
4. ਡਵੀਜਨਲ ਡਿਪਟੀ ਡਾਇਰੈਕਟਰ, ਪੰਚਾਇਤ।
5. ਜਿਲਾ ਵਿਕਾਸ ਅਤੇ ਪੰਚਾਇਤ ਅਫਸਰ।
6. ਉਪ ਮੁੱਖ ਕਾਰਜਕਾਰੀ ਅਫਸਰ, ਜਿਲਾ ਪ੍ਰੀਸ਼ਦ।
7. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ।

ਮੀਮੋ ਨੰ: 910-416 ਮਿਤੀ: 07-09-2011

ਵਿਸ਼ਾ. ਪੰਜਾਬ ਰਾਜ ਵਿੱਚ ਯੂਨੀਕੋਡ ਪੰਜਾਬੀ ਫੌਂਟ ਵਰਤਨ ਬਾਰੇ ਹਦਾਇਤਾਂ

----------

ਮੈਨੂੰ ਸੂਚਨਾ ਤਕਨਾਲੋਜੀ ਵਿਭਾਗ ਵੱਲੋਂ ਜਾਰੀ ਹਦਾਇਤਾਂ ਆਪ ਜੀ ਦੇ ਧਿਆਨ ਵਿੱਚ ਲਿਆਉਣ ਦੀ ਹਦਾਇਤ ਹੋਈ ਹੈ। ਕਿਰਪਾ ਕਰਕੇ ਹੇਠ ਲਿਖਿਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

1. ਸਾਰੇ ਵਿਭਾਗ ਇਹ ਯਕੀਨੀ ਬਣਾਉਣਗੇ ਕਿ ਸਾਰਾ ਨਵਾਂ ਡਾਟਾ ਰਿਕਾਰਡ ਜੋ ਤਿਆਰ ਕੀਤਾ ਜਾ ਰਿਹਾ ਹੈ, ਉਹ ਯੂਨੀਕੋਡ ਪੰਜਾਬੀ ਫੌਂਟ ਵਿੱਚ ਹੋਵੇ।
2. ਡਾਟਾ ਐਂਟਰੀ ਵਾਸਤੇ ਵਰਤੇ ਜਾ ਰਹੇ ਐਪਲੀਕੇਸ਼ਨ/ਟੂਲ online/offline ਮੋਡ ਵਿੱਚ ਯੂਨੀਕੋਡ ਕੰਮਪਲਾਇੰਟ (ਮੇਲ ਖਾਦੇ) ਹੋਣੇ ਚਾਹੀਦੇ ਹਨ।
3. ਬੈਕ ਐਂਡ (Back end) ਤੇ ਡਾਟਾ ਸਟੋਰ ਕਰਨ ਲਈ ਵਰਤੇ ਜਾਣ ਵਾਲੇ Software ਯੂਨੀਕੋਡ ਕੰਮਪਲਾਇੰਟ ਹੋਣੇ ਚਾਹੀਦੇ ਹਨ।
4. ਕਿਸੇ ਵੀ ਤਰ੍ਹਾਂ ਦਾ Software/ Portal/ Application/ Website ਯੂਨੀਕੋਡ ਕੰਮਪਲਾਇੰਟ ਹੋਣਾ ਚਾਹਿਦਾ ਹੈ।
5. ਡਾਟਾ ਡਿਜੀਟਾਇਜ਼ੇਸ਼ਨ /ਡਾਟਾ ਐਂਟਰੀ ਅਤੇ Software ਤਿਆਰ ਕਰਨ ਲਈ ਮੰਗੇ ਗਏ ਸਾਰੇ Tender Document/ Request for Proposal (RFP) ਵਿੱਚ ਇਹ ਯੂਨੀਕੋਡ ਕੰਮਪਲਾਇੰਟ ਹੋਣ ਬਾਰੇ ਸਾਫ ਤੌਰ ਤੇ ਲਿਖਿਆ ਹੋਣਾ ਚਾਹੀਦਾ ਹੈ।

ਇਕ ਵਾਰ ਜਦ ਇਹ ਹਦਾਇਤਾਂ ਦੀ ਪਾਲਨਾ ਕਰ ਲਈ ਜਾਵੇਗੀ, ਤਾਂ ਇਸ ਨਾਲ, ਸਾਰੇ ਪੰਜਾਬ ਰਾਜ ਵਿੱਚ ਇਕ ਸਾਰ ਪੰਜਾਬੀ ਫੌਂਟ ਦੀ ਵਰਤੋਂ ਹੋਣ ਲੱਗ ਜਾਵੇਗੀ। ਇਸ ਦੇ ਨਾਲ ਵੱਖ ਵੱਖ ਤਰ੍ਹਾਂ ਦੇ ਡਾਟੇ ਦਾ ਆਪਸੀ ਸੁਮੇਲ ਅੱਗੇ ਵਾਸਤੇ ਆਸਾਨ ਹੋ ਜਾਵੇਗਾ। ਇਹ ਫੌਂਟ ਵਿਸ਼ਵ ਦੀਆਂ ਤਕਰੀਬਨ 70 ਤੋ ਵੱਧ ਦੂਜੀਆਂ ਭਾਸ਼ਾਵਾਂ ਵਿੱਚ ਟਰਾਸਲੇਟ ਕੀਤਾ ਜਾ ਸਕਦਾ ਹੈ। ਇਹ ਫੌਂਟ ਫਾਈਲ ਦੇ ਨਾਮ ਦੇਣ, ਵੈਬਸਾਈਟ ਤੇ ਵੀ ਵਰਤੇ ਜਾ ਸਕਦੇ ਹਨ। ਇਸ ਲਈ ਕੋਈ ਵੱਖਰੇ ਫੌਂਟ ਇੰਸਟਾਲ ਨਹੀ ਕਰਨੇ ਪੈਣਗੇ। ਯੂਨੀਕੋਡ ਬਾਰੇ ਵਧੇਰੇ ਜਾਣਕਾਰੀ ਤੁਸੀਂ www.unicode.org ਤੇ ਵੇਖ ਸਕਦੇ ਹੋ। ਆਪ ਜੇਕਰ ਅਸੀਸ ਜਾਂ ਅਨਮੋਲ ਲਿਪੀ ਫੌਂਟ ਵਰਤ ਰਹੇ ਹੋ ਤਾਂ ਆਪ ਨੂੰ ਨਵੇਂ ਸਿਰਿਓਂ ਯੂਨੀਕੋਡ ਸਿੱਖਣ ਦੀ ਲੋੜ ਨਹੀਂ ਹੈ। ਤੁਸੀਂ www.gurmukhi...unicode.com ਸਾਈਟ ਤੇ ਜਾ ਕੇ ਸਬੰਧਤ ਫੌਂਟ ਤੇ ਅਧਾਰਿਤ ਯੋਨੀਕੋਡ ਕੀ-ਬੋਰਡ ਡਾਊਨਲੋਡ ਕਰ ਸਕਦੇ ਹੋ।

ਸੰਯੁਕਤ ਡਾਇਰੈਕਟਰ (ਈ ਪੰਚਾਇਤ)
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ